# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

**ਮੀਮੋਨੰ:DySPD (PEDB)/2021/** 254412 **ਮਿਤੀ: 27.07.2021**

## ਜਨਤਕ ਸੂਚਨਾ

1.0 ਵਿਭਾਗ ਵਲੋਂ ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/2021/206697 ਮਿਤੀ 30.06.2021 ਰਾਹੀਂ ਸਿੱਖਿਆ ਵਿਭਾਗ ਅਧੀਨ ਕੰਮ ਕਰ ਰਹੇ ਸਮੂਹ ਅਧਿਆਪਕ, ਨਾਨ ਟੀਚਿੰਗ ਸਟਾਫ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਨੂੰ ਈ ਪੰਜਾਬ ਸਕੂਲ ਪੋਰਟਲ ਤੇ ਆਪਣਾ ਡਾਟਾ ਅਪਡੇਟ ਕਰਨ ਲਈ ਲਿਖਿਆ ਗਿਆ ਸੀ। ਵਿਭਾਗ ਦੇ ਮੀਮੋ ਨੰ DySPD (PEDB)/2021/ 251336, ਮਿਤੀ: 24.07.2021 ਰਾਹੀਂ ਜਨਤਕ ਸੂਚਨਾ ਜਾਰੀ ਕਰਕੇ ਸਮੂਹ ਅਧਿਆਪਕ, ਨਾਨ ਟੀਚਿੰਗ ਸਟਾਫ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਨੂੰ ਬਦਲੀਆਂ ਦੇ ਤੀਜੇ ਗੇੜ ਦੀ ਸਟੇਸਨ ਚੋਣ ਕਰਨ ਲਈ ਸੱਦਾ ਦਿੱਤਾ ਗਿਆ ਸੀ ਅਤੇ ਲਿਖਿਆ ਗਿਆ ਸੀ ਕਿ ਸਟੇਸਨ ਚੋਣ ਮਿਤੀ 26.07.2021 ਤੋਂ 28.07.2021 ਤੱਕ ਦੇ ਸਕਦੇ ਹਨ। ਬਦਲੀ ਲਈ ਹੇਠ ਲਿਖੇ ਕਰਮਚਾਰੀ ਯੋਗ ਹੋਣਗੇ:

I. ਮਾਸਟਰ ਕਾਡਰ ਅਧੀਨ 3582 ਅਧਿਆਪਕਾਂ ਦੀ ਭਰਤੀ ਪ੍ਰੀਕ੍ਰਿਆ ਅਧੀਨ ਨਿਯੁਕਤ ਹੋਏ ਸਮੂਹ ਅਧਿਆਪਕ ਅਤੇ ਬਾਰਡਰ ਏਰੀਆ ਵਿੱਚ ਤੈਨਾਤ ਨਵ ਨਿਯੁਕਤ ਈ.ਟੀ.ਟੀ ਕਾਡਰ ਦੇ ਅਧਿਆਪਕ ਜਿੰਨਾਂ ਦਾ ਪਰਖ ਕਾਲ ਸਮਾਂ ਜਾਂ ਮੌਜੂਦਾ ਤੈਨਾਤੀ ਤੇ ਤਿੰਨ ਸਾਲ ਪੂਰੇ ਨਹੀਂ ਹੋਏ, ਬਦਲੀ ਲਈ ਅਪਲਾਈ ਕਰ ਸਕਣਗੇ।

II. ਉਪਰੋਕਤ ਤੋਂ ਇਲਾਵਾ ਲੈਕਚਰਾਰ, ਮਾਸਟਰ ਕਾਡਰ, ਈ.ਟੀ.ਟੀ ਅਤੇ ਡੀ.ਪੀ.ਈ ਜਿੰਨਾਂ ਦੀ ਨਿਯੁਕਤੀ ਨੂੰ ਮਿਤੀ 01.04.2021 ਨੂੰ ਤਿੰਨ ਸਾਲ ਪੂਰੇ ਨਹੀਂ ਹੋਏ ਅਤੇ ਮਿਤੀ 01.04.2022 ਤੋਂ ਪਹਿਲਾਂ ਉਹਨਾਂ ਦਾ ਪਰਖ ਕਾਲ ਸਮਾਂ ਪੂਰਾ ਹੁੰਦਾ ਹੈ ਤਾਂ ਉਹ ਬਦਲੀ ਲਈ ਅਪਲਾਈ ਕਰ ਸਕਦੇ ਹਨ ਪਰ ਬਦਲੀ ਹੋਣ ਦੀ ਸੂਰਤ ਵਿੱਚ ਤਿੰਨ ਸਾਲ ਜਾਂ ਪਰਖ ਕਾਲ ਸਮਾਂ ਪੂਰਾ ਹੋਣ ਤੇ ਬਦਲੀ ਲਾਗੂ ਹੋਵੇਗੀ।

III. ਬਦਲੀ ਦੇ ਪਹਿਲੇ ਅਤੇ ਦੂਜੇ ਗੇੜ ਵਿੱਚ ਜਿੰਨਾਂ ਅਧਿਆਪਕਾਂ ਦੀ ਬਦਲੀ ਹੋਈ ਸੀ ਅਤੇ ਉਹਨਾਂ ਵਲੋਂ ਬਦਲੀ ਦੇ ਹੁਕਮ ਰੱਦ ਕਰਵਾਏ ਗਏ ਹਨ, ਬਦਲੀ ਲਈ ਯੋਗ ਨਹੀਂ ਹੋਣਗੇ।

IV. ਜਿੰਨਾਂ ਅਧਿਆਪਕਾਂ ਦੀ ਤੱਰਕੀ ਮਿਤੀ 25.06.2019 ਉਪਰੰਤ ਹੋਈ ਹੈ ਅਤੇ ਮੌਜੂਦਾ ਸਟੇਸਨ ਤੇ 2 ਸਾਲ ਪੂਰੇ ਨਹੀਂ ਹੋਏ ਉਹ ਬਦਲੀ ਲਈ ਯੋਗ ਨਹੀਂ ਹੋਣਗੇ।

V. Exempted Category ਦੇ ਕਰਮਚਾਰੀ ਜਿੰਨਾਂ ਨੇ ਆਪਣੀ ਬਦਲੀ ਲਈ ਬੇਨਤੀ ਮੁੱਖ ਦਫਤਰ ਨੂੰ ਦਿੱਤੀ ਹੋਈ ਹੈ, ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਸਟੇਸਨ ਚੋਣ ਆਨਲਾਈਨ ਦੇਣ।

5.0 ਨਾਲ ਹੀ ਲਿਖਿਆ ਗਿਆ ਸੀ ਕਿ ਜਿੰਨਾਂ ਕਰਮਚਾਰੀਆਂ ਦਾ ਡਾਟਾ ਅਧੂਰਾ ਪਾਇਆ ਜਾਂਦਾ ਹੈ ਉਹ ਬਦਲੀ ਲਈ ਯੋਗ ਨਹੀਂ ਹੋਣਗੇ। ਬਦਲੀ ਲਈ ਮੈਰਿਟ ਕਰਮਚਾਰੀ ਵਲੋਂ ਭਰੇ ਡਾਟਾ ਦੇ ਅਧਾਰ ਤੇ ਹੀ ਤਿਆਰ ਕੀਤੀ ਜਾਵੇਗੀ।

6.0 ਵਿਭਾਗ ਨੂੰ ਕੁਝ ਅਧਿਆਪਕ, ਨਾਨ ਟੀਚਿੰਗ ਸਟਾਫ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਵੱਲੋਂ ਬਦਲੀਆਂ ਦੇ ਮੰਤਵ ਲਈ ਹੈਲਪਲਾਇਨ ਨੰਬਰ ਤੇ ਬੇਨਤੀ ਕੀਤੀ ਗਈ ਹੈ ਕਿ ਉਹ ਬਦਲੀਆਂ ਦੇ ਮੰਤਵ ਲਈ ਆਪਣਾ ਡਾਟਾ ਵਿਭਾਗ ਦੇ ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/2021/206697 ਮਿਤੀ 30.06.2021 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਨਹੀਂ ਭਰ ਸਕੇ ਅਤੇ ਉਹ ਬਦਲੀ ਕਰਵਾਉਣ ਦੇ ਯੋਗ ਹਨ, ਇਸ ਲਈ ਉਨ੍ਹਾਂ ਨੂੰ ਡਾਟਾ ਭਰਨ ਅਤੇ ਬਦਲੀ ਲਈ ਅਪਲਾਈ ਕਰਨ ਦਾ ਇੱਕ ਮੋਕਾ ਦਿੱਤਾ ਜਾਵੇ। ਇਸ ਤੋਂ ਇਲਾਵਾ ਕੁਝ ਅਧਿਆਪਕ/ ਕਰਮਚਾਰੀ ਅਜਿਹੇ ਹਨ ਜਿਨ੍ਹਾਂ ਨੇ ਆਪਣਾ ਡਾਟਾ Epunjab school ਤੇ ਅਪਡੇਟ ਕੀਤਾ ਸੀ ਪਰ ਸਕੂਲ ਮੁੱਖੀ/ ਡੀ.ਡੀ.ਓ ਵੱਲੋਂ ਅਪਰੂਵ ਨਹੀਂ ਕੀਤਾ ਗਿਆ, ਜਿਸ ਕਾਰਨ ਉਹ ਬਦਲੀ ਲਈ ਅਪਲਾਈ ਨਹੀਂ ਕਰ ਪਾ ਰਹੇ।

7.0 ਅਧਿਆਪਕ, ਨਾਨ ਟੀਚਿੰਗ ਸਟਾਫ, ਕੰਪਿਊਟਰ ਅਧਿਆਪਕ ਅਤੇ ਵਲੰਟੀਅਰਾਂ ਦੀ ਬੇਨਤੀ ਦੇ ਸਨਮੁੱਖ ਜੋ ਅਧਿਆਪਕ ਅਤੇ ਕਰਮਚਾਰੀ ਬਦਲੀ ਕਰਵਾਉਣਾ ਚਾਹੁੰਦੇ ਹਨ ਉਹ ਮਿਤੀ 28.07.2021 ਤੱਕ ਆਪਣੇ Epunjab school Login Id ਤੇ ਆਪਣਾ ਡਾਟਾ ਭਰ ਸਕਦੇ ਹਨ ਜਾਂ ਸੋਧ ਕਰ ਸਕਦੇ ਹਨ ਅਤੇ ਸਟੇਸ਼ਨ ਚੋਣ ਵੀ ਕਰ ਸਕਦੇ ਹਨ।ਸਟੇਸਨ ਚੋਣ ਕੇਵਲ Epunjab school Login Id ਵਿੱਚ ਦਰਸਾਈਆਂ ਅਸਾਮੀਆਂ ਵਿਰੁੱਧ ਹੀ ਕੀਤੀ ਜਾ ਸਕਦੀ ਹੈ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**